# Expert Talk- "Social Experience and Creative Writing" By Dr Waryam Singh Sandhu

ਅਜੀਤ

ਮੰਗਲਵਾਰ, 12 ਅਪ੍ਰੈਲ, 2016



ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਵੱਲੋਂ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼। ਅਜੀਤ ਤਸਵੀਰ

# ਮੋਦੀ ਕਾਲਜ ਵਿਖੇ ਕਹਾਣੀਕਾਰ ਵਰਿਆਮ ਸੰਧੂ ਦਾ ਭਾਸ਼ਣ ਕਰਵਾਇਆ

ਪਟਿਆਲਾ, 11 ਅਪ੍ਰੈਲ (ਗੁਰਪ੍ਰੀਤ ਸਿੰਘ ਚੱਠਾ)-ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਵੱਲੋਂ "ਸਮਾਜਿਕ ਅਨੁਭਵ ਅਤੇ ਸਿਰਜਣ ਪ੍ਰਕਿਰਿਆ" ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਦੌਰਾਨ ਬੋਲਦਿਆਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਲੇਖਕ ਤਾਂ ਸੰਵੇਦਨਸ਼ੀਲ ਹੁੰਦੇ ਹੀ ਹਨ, ਉਹ ਲੋਕਾਂ ਦੇ ਦੁੱਖ-ਦਰਦ ਨੂੰ ਮਹਿਸੂਸ ਕਰਕੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦੇ ਹਨ, ਪਰੰਤੂ ਹਰ ਮਨੁੱਖ ਨੂੰ ਵੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਲੇਖਕ ਨੇ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਉਹ ਮੁਸੀਬਤਾਂ ਦਾ ਸਾਹਮਣਾ ਕਰਦੇ ਹੋਏ ਅਖੀਰ ਤੱਕ ਸੰਘਰਸ਼ ਕਰਦੇ ਰਹਿੰਦੇ ਹਨ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਹਿਮਾਨ ਵਕਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਵਰਿਆਮ ਸੰਧੂ ਵਰਗੇ ਲੇਖਕਾਂ ਦੀਆਂ ਉਚਪਾਏ ਦੀਆਂ ਸਾਹਿਤਕ ਕਿਰਤਾਂ ਜੀਵਨ ਭਰ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਜਲੰਧਰ ਤੋਂ ਆਏ ਪੰਜਾਬੀ ਆਲੋਚਕ ਡਾ. ਕੁਲਵੰਤ ਸਿੰਘ ਨੇ ਵਰਿਆਮ ਸੰਧੂ ਦੇ ਜੀਵਨ ਅਤੇ ਉਸ ਦੀਆਂ ਰਚਨਾਵਾਂ ਦੇ ਮਹੱਤਵ ਪੂਰਨ ਪਹਿਲੂਆਂ 'ਤੇ ਰੌਸ਼ਨੀ ਪਾਈ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਚਰਨ ਸਿੰਘ ਅਤੇ ਕਾਲਜ ਦੇ ਅਧਿਆਪਕ ਡਾ. ਮਨਜੀਤ ਕੌਰ, ਡਾ. ਦਵਿੰਦਰ ਸਿੰਘ, ਡਾ. ਰੁਪਿੰਦਰ ਸ਼ਰਮਾ ਆਦਿ ਹਾਜ਼ਰ ਸਨ।

ਪੰਜਾਬੀ ਜਾਗਰਣ

ਜਲੰਧਰ 12 ਅਪ੍ਰੈਲ, 2016
www.punjabijagran.com

# ਮੋਦੀ ਕਾਲਜ 'ਚ ਵਿਸ਼ੇਸ਼ ਲੈਕਚਰ ਕਰਵਾਇਆ

**ਰੂ-ਬ-ਰੂ ਪ੍ਰੋਗਰਾਮ**

- 'ਸਮਾਜਿਕ ਅਨੁਭਵ ਤੇ ਸਿਰਜਣ ਪ੍ਰੀਕ੍ਰਿਆ' ਵਿਸ਼ੇ 'ਤੇ ਸੈਮੀਨਾਰ
- ਨੌਜਵਾਨ ਹਰ ਔਖ ਦਾ ਡਟ ਕੇ ਮੁਕਾਬਲਾ ਕਰਨ : ਸੰਧੂ

**ਸਟਾਫ ਰਿਪੋਰਟਰ, ਪਟਿਆਲਾ :** ਮੁਲਤਾਨੀ ਮੱਲ ਮੋਦੀ ਕਾਲਜ ਦੇ ਪੰਜਾਬੀ ਵਿਭਾਗ ਵਲੋਂ 'ਸਮਾਜਿਕ ਅਨੁਭਵ ਤੇ ਸਿਰਜਣ ਪ੍ਰੀਕ੍ਰਿਆ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਇਸ ਦੌਰਾਨ ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਲੇਖਕ ਤਾਂ ਸੰਵੇਦਨਸ਼ੀਲ ਹੁੰਦੇ ਹੀ ਹਨ, ਉਹ ਲੋਕਾਂ ਦੇ ਦੁਖ ਦਰਦ ਨੂੰ ਮਹਿਸੂਸ ਕਰਕੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦੇ ਹਨ ਪ੍ਰੰਤੂ ਹਰ ਮਨੁੱਖ ਨੂੰ ਵੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਹੀ ਸਮਾਜ ਵਿਚ ਮਾਨਵੀ ਕਦਰਾਂ ਕੀਮਤਾਂ ਬਰਕਰਾਰ ਰਹਿ ਸਕਦੀਆਂ ਹਨ। ਲੇਖਕ ਸੰਧੂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਅੱਜ ਦਾ ਨੌਜਵਾਨ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਮੁਕਾਬਲਾ ਕਰਨ ਦੀ ਥਾਂ ਜਾਂ ਤਾਂ ਨਸ਼ਿਆਂ ਦਾ ਸਹਾਰਾ ਲੈ ਕੇ ਪਲਾਇਨ ਕਰ ਰਿਹਾ ਹੈ ਜਾਂ ਖੁਦਕੁਸ਼ੀਆਂ ਦੇ ਰਾਹ ਪੈ ਕੇ ਆਪਣਾ ਬਹੁਮੁੱਲਾ ਜੀਵਨ ਖਤਮ ਕਰ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਉਹ ਆਪਣੇ ਵਡਮੁੱਲੇ ਜੀਵਨ ਨੂੰ ਬਰਬਾਦ ਕਰਨ ਦੀ ਜਾਂ ਹਰ ਔਖ ਦਾ ਡਟ ਕੇ ਮੁਕਾਬਲਾ ਕਰਨ। ਕਾਲਜ ਪ੍ਰਿੰ. ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਵਰਿਆਮ ਸੰਧੂ ਵਰਗੇ ਲੇਖਕਾਂ ਦੀਆਂ ਉਚਕੋਟੀ ਦੀਆਂ ਸਾਹਿਤਕ ਕਿਰਤਾਂ ਜੀਵਨ ਭਰ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਪੰਜਾਬ ਵਿਭਾਗ ਮੁਖੀ ਡਾ. ਹਰਚਰਨ ਸਿੰਘ ਨੇ ਕਿਹਾ ਕਿ ਪੰਜਾਬੀ ਵਿਭਾਗ ਵਲੋਂ ਚਲਾਈ ਗਈ ਵਿਸ਼ੇਸ਼ ਭਾਸ਼ਣ ਲੜੀ ਤਹਿਤ ਨਾਮਵਰ ਲੇਖਕਾਂ ਤੇ ਵਿਦਵਾਨਾਂ ਨੂੰ ਵਿਦਿਆਰਥੀਆਂ ਦੇ ਰੂ-ਬ-ਰੂ ਕਰਵਾਏ ਜਾਣ ਦਾ ਮੰਤਵ ਉਨ੍ਹਾਂ ਦੇ ਵਿਅਕਤੀਤਵ ਵਿਕਾਸ ਦੇ ਨਾਲ ਨਾਲ ਉਨ੍ਹਾਂ ਅੰਦਰ ਸਾਹਿਤ ਨੂੰ ਪੜ੍ਹਨ, ਸਮਝਣ ਤੇ ਸਾਹਿਤ ਸਿਰਜਨ ਦੇ ਚੇਟਕ ਲਾਉਣਾ ਹੈ। ਕਾਲਜ ਦੇ ਅਧਿਆਪਕ ਡਾ. ਮਨਜੀਤ ਕੌਰ, ਡਾ. ਦਵਿੰਦਰ ਸਿੰਘ, ਡਾ. ਰੁਪਿੰਦਰ ਸ਼ਰਮਾ ਤੇ ਵੱਡੀ ਗਿਣਤੀ ਵਿਦਿਆਰਥੀਆਂ ਨੇ ਲੇਖਕ ਵਰਿਆਮ ਸੰਧੂ ਤੋਂ ਸਵਾਲ ਵੀ ਪੁੱਛੇ ਜਿਨ੍ਹਾਂ ਦਾ ਤਸੱਲੀਬਖਸ਼ ਜਵਾਬ ਵੀ ਦਿੱਤਾ ਗਿਆ।



ਮੋਦੀ ਕਾਲਜ 'ਚ ਕਰਵਾਏ ਵਿਸ਼ੇਸ਼ ਲੈਕਚਰ ਮੌਕੇ ਪ੍ਰਸਿੱਧ ਕਹਾਣੀ ਕਾਰਨ ਵਰਿਆਮ ਸੰਧੂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਤੇ ਕਾਲਜ ਸਟਾਫ। ਪੰਜਾਬੀ ਜਾਗਰਣ

ਰੋਜ਼ਾਨਾ ਸਪੋਕਸਮੈਨ

# ਮੋਦੀ ਕਾਲਜ ਵਿਚ ਕਹਾਣੀਕਾਰ ਵਰਿਆਮ ਸੰਧੂ ਦਾ ਭਾਸ਼ਨ

ਪਟਿਆਲਾ, 11 ਅਪ੍ਰੈਲ (ਪਰਮਿੰਦਰ ਪਾਲ ਸਿੰਘ): ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਵਲੋਂ "ਸਮਾਜਿਕ ਅਨੁਭਵ ਅਤੇ ਸਿਰਜਣ ਪ੍ਰਕਿਰਿਆ" ਵਿਸ਼ੇ 'ਤੇ ਆਯੋਜਿਤ ਵਿਸ਼ੇਸ਼ ਭਾਸ਼ਣ ਦੌਰਾਨ ਬੋਲਦਿਆਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ

## ਸੰਵੇਦਨਸ਼ੀਲਤਾ ਨਾਲ ਹੀ ਮਾਨਵੀ ਕਦਰਾਂ ਕੀਮਤਾਂ ਬਰਕਰਾਰ

ਲੇਖਕ ਤਾਂ ਸੰਵੇਦਨਸ਼ੀਲ ਹੁੰਦੇ ਹੀ ਹਨ, ਉਹ ਲੋਕਾਂ ਦੇ ਦੁਖ-ਦਰਦ ਨੂੰ ਮਹਿਸੂਸ ਕਰ ਕੇ ਅਪਣੀਆਂ ਰਚਨਾਵਾਂ ਵਿਚ ਪੇਸ਼ ਕਰਦੇ ਹਨ, ਪਰ ਹਰ ਮਨੁੱਖ ਨੂੰ ਵੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਹੀ ਸਮਾਜ ਵਿਚ ਮਾਨਵੀ ਕਦਰਾਂ ਕੀਮਤਾਂ ਬਰਕਰਾਰ ਰਹਿ ਸਕਦੀਆਂ ਹਨ?

ਉਨ੍ਹਾਂ ਕਿਹਾ ਕਿ ਲੇਖਕ ਇਤਿਹਾਸਕ ਘਟਨਾਵਾਂ ਤੋਂ ਪ੍ਰੇਰਨਾ ਲੈ ਕੇ ਪਾਠਕਾਂ ਨੂੰ ਸਮਕਾਲੀ ਸਮਾਜ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਦਾ ਯਤਨ ਕਰਦੇ ਹਨ ਪਰ ਅਜਿਹਾ ਕਰਦੇ ਸਮੇਂ ਧਿਆਨ ਰਖਿਆ ਜਾਂਦਾ ਹੈ ਕਿ ਸਾਹਿਤ ਸਿੱਧੇ ਰੂਪ ਵਿਚ ਪ੍ਰਚਾਰ ਦਾ ਸਾਧਨ ਨਾ ਬਣੇ ਸਗੋਂ ਲੇਖਕ ਦਾ ਸੁਨੇਹਾ ਸਾਹਿਤਕ ਰਚਨਾ ਵਿਚਲੀਆਂ ਘਟਨਾਵਾਂ ਅਤੇ ਪਾਤਰਾਂ ਦੇ ਵਿਹਾਰ ਵਿਚੋਂ ਸਹਿਜ ਰੂਪ ਵਿਚ ਪਾਠਕਾਂ ਤੱਕ ਪਹੁੰਚੇ।



ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਮੁੱਖ ਮਹਿਮਾਨ ਦਾ ਸਵਾਗਤ ਕਰਦੇ ਹੋਏ।

ਵਿਦਵਾਨ ਲੇਖਕ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਅੱਜ ਦਾ ਨੌਜਵਾਨ ਦਿਮਾਗ ਦੀਆਂ ਤਲਖ਼ ਹਕੀਕਤਾਂ ਦਾ ਮੁਕਾਬਲਾ ਕਰਨ ਦੀ ਥਾਂ ਜਾਂ ਤਾਂ ਨਸ਼ਿਆਂ ਦਾ ਸਹਾਰਾ ਲੈ ਕੇ ਪਲਾਇਨ ਕਰ ਰਿਹਾ ਹੈ ਜਾਂ ਖ਼ੁਦਕੁਸ਼ੀਆਂ ਦੇ ਰਾਹ ਪੈ ਕੇ ਅਪਣਾ ਬਹੁਮੁੱਲਾ ਜੀਵਨ ਖ਼ਤਮ ਕਰ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਵਡਮੁੱਲੇ ਜੀਵਨ ਨੂੰ ਬਰਬਾਦ ਕਰਨ ਦੀ ਥਾਂ ਹਰ ਕਠਿਨਾਈ ਦਾ ਡਟ ਕੇ ਮੁਕਾਬਲਾ ਕਰਨ, ਹਾਰਾਂ ਤੋਂ ਕਦੇ ਨਾ ਘਬਰਾਉਣ। ਹਾਰਾਂ ਤੋਂ ਘਬਰਾਉਣ ਦੀ ਥਾਂ ਲਗਾਤਾਰ ਸੰਘਰਸ਼ ਦੌਰਾਨ ਪ੍ਰਾਪਤ ਕੀਤੇ ਆਤਮ ਵਿਸ਼ਵਾਸ ਰਾਹੀਂ ਉਚੇਰੀਆਂ ਮੰਜ਼ਿਲਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਹਿਮਾਨ ਬੁਲਾਰੇ ਦਾ ਸਵਾਗਤ ਕਰਦਿਆਂ ਕਿਹਾ ਕਿ ਵਰਿਆਮ ਸੰਧੂ ਵਰਗੇ ਲੇਖਕਾਂ ਦੀਆਂ ਉਚਪਾਏ ਦੀਆਂ ਸਾਹਿਤਕ ਕਿਰਤਾਂ ਜੀਵਨ ਭਰ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਜਲੰਧਰ ਤੋਂ ਆਏ ਪੰਜਾਬੀ ਆਲੋਚਕ ਡਾ. ਕੁਲਵੰਤ ਸਿੰਘ ਨੇ ਵਰਿਆਮ ਸੰਧੂ ਦੇ ਜੀਵਨ ਅਤੇ ਉਸ ਦੀਆਂ ਰਚਨਾਵਾਂ ਦੇ ਮਹੱਤਵ ਪੂਰਨ ਪਹਿਲੂਆਂ 'ਤੇ ਰੌਸ਼ਨੀ ਪਾਈ।

CHANDIGARH Tribune
CHANDIGARH | TUESDAY | 12 APRIL 2016

**Expert talk**

The Punjabi Department of MM Modi College organised an expert-talk on the theme "Social Experience and Creative Writing" on Monday. Delivering the talk, Punjabi storywriter Dr Waryam Singh Sandhu said every sensitive human being feels the pain and agony the common man suffered during the struggle for survival, but a writer or a poet felt it more intensely and portrayed it in his/her writings. — TNS

दैनिक भास्कर

## कहानीकार संधू का भाषण करवाया



पटियाला। मोदी कॉलेज में पंजाबी विभाग की ओर से सामाजिक अनुभव विषय पर विशेष भाषण हुआ। इस मौके पर प्रसिद्ध कहानीकार वरयाम सिंह संधू ने विशेष तौर पर शिरकत की। उन्होंने कहा कि लेखक संवेदनशील होते हैं। वह लोगों के दुख दर्द महसूस करके अपनी रचनाओं में पेश करते हैं। कालेज के प्रिंसिपल डॉ. खुशविंदर कुमार ने कहा कि वरयाम संधू जैसे लेखक की रचनाएं जीवन भन स्टूडेंट्स का मार्ग दर्शन करती रहती है। पंजाबी विभाग के मुखी डॉ. हरचरन सिंह ने कहा कि विभाग द्वारा चलाई गई विशेष भाषन प्रोग्राम तहत लेखक व विद्वानों को स्टूडेंट्स के रूबरू किया जा रहा है। इस मौके डॉ. मनजीत कौर, डॉ. दविंदर सिंह, डॉ. रूपिंदर शर्मा व स्टूडेंट्स मौजूद रहे।

ਪਟਿਆਲਾ ਬਾਣੀ

ਮੰਗਲਵਾਰ, TUESDAY 12 APRIL 2016

## 'ਸਮਾਜਿਕ ਅਨੁਭਵ ਅਤੇ ਸਿਰਜਣ ਪ੍ਰਕਿਰਿਆ' ਵਿਸ਼ੇ 'ਤੇ ਵਿਸ਼ੇਸ਼ ਸੈਮੀਨਾਰ ਆਯੋਜਿਤ



*ਮੋਦੀ ਕਾਲਜ ਵਿਖੇ ਪ੍ਰਿੰਸੀਪਲ ਖੁਸ਼ਵਿੰਦਰ ਕੁਮਾਰ ਨਾਮਵਰ ਕਹਾਣੀਕਾਰ ਵਰਿਆਮ ਸੰਧੂ ਨੂੰ ਸਨਮਾਨਿਤ ਕਰਦੇ ਹੋਏ।*

ਪਟਿਆਲਾ, 11 ਅਪ੍ਰੈਲ (ਜੋਸਨ)- ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਵੱਲੋਂ 'ਸਮਾਜਿਕ ਅਨੁਭਵ ਅਤੇ ਸਿਰਜਣ ਪ੍ਰਕਿਰਿਆ' ਵਿਸ਼ੇ 'ਤੇ ਆਯੋਜਿਤ ਵਿਸ਼ੇਸ਼ ਸੈਮੀਨਾਰ ਦੌਰਾਨ ਬੋਲਦਿਆਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਲੇਖਕ ਤਾਂ ਸੰਵੇਦਨਸ਼ੀਲ ਹੁੰਦੇ ਹੀ ਹਨ, ਉਹ ਲੋਕਾਂ ਦੇ ਦੁੱਖ-ਦਰਦ ਨੂੰ ਮਹਿਸੂਸ ਕਰ ਕੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦੇ ਹਨ ਪਰ ਹਰ ਮਨੁੱਖ ਨੂੰ ਵੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਹੀ ਸਮਾਜ ਵਿਚ ਮਾਨਵੀ ਕਦਰਾਂ-ਕੀਮਤਾਂ ਬਰਕਰਾਰ ਰਹਿ ਸਕਦੀਆਂ ਹਨ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਵਰਿਆਮ ਸੰਧੂ ਵਰਗੇ ਲੇਖਕਾਂ ਦੀਆਂ ਸਾਹਿਤਕ ਕਿਰਤਾਂ ਜੀਵਨ ਭਰ ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕਰਦੀਆਂ ਰਹਿਣਗੀਆਂ। ਜਲੰਧਰ ਤੋਂ ਆਏ ਪੰਜਾਬੀ ਆਲੋਚਕ ਡਾ. ਕੁਲਵੰਤ ਸਿੰਘ ਨੇ ਵਰਿਆਮ ਸੰਧੂ ਦੇ ਜੀਵਨ ਅਤੇ ਉਸ ਦੀਆਂ ਰਚਨਾਵਾਂ ਦੇ ਮਹੱਤਵਪੂਰਨ ਪਹਿਲੂਆਂ 'ਤੇ ਰੌਸ਼ਨੀ ਪਾਈ। ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਚਰਨ ਸਿੰਘ ਨੇ ਕਿਹਾ ਕਿ ਪੰਜਾਬੀ ਵਿਭਾਗ ਵੱਲੋਂ ਚਲਾਈ ਗਈ ਭਾਸ਼ਣ ਲੜੀ ਅਧੀਨ ਨਾਮਵਰ ਲੇਖਕਾਂ ਅਤੇ ਵਿਦਵਾਨਾਂ ਨੂੰ ਵਿਦਿਆਰਥੀਆਂ ਦੇ ਰੂ-ਬਰੂ ਕਰਵਾਏ ਜਾਣ ਦਾ ਮੰਤਵ ਉਨ੍ਹਾਂ ਦੇ ਵਿਅਕਤਿੱਤਵ ਦੇ ਨਾਲ-ਨਾਲ ਉਨ੍ਹਾਂ ਅੰਦਰ ਸਾਹਿਤ ਨੂੰ ਪੜ੍ਹਨ, ਸਮਝਣ ਅਤੇ ਸਾਹਿਤ ਸਿਰਜਣ ਦੀ ਚੇਟਕ ਲਾਉਣਾ ਹੈ।

ਕਾਲਜ ਦੇ ਅਧਿਆਪਕ ਡਾ. ਮਨਜੀਤ ਕੌਰ, ਡਾ. ਦਵਿੰਦਰ ਸਿੰਘ, ਡਾ. ਰੁਪਿੰਦਰ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪ ਸਵਾਲ ਪੁੱਛੇ ਜਿਨ੍ਹਾਂ ਦੇ ਵਿਦਵਾਨ ਬੁਲਾਰੇ ਨੇ ਤਸੱਲੀਬਖ਼ਸ਼ ਜਵਾਬ ਦਿੱਤੇ। ਕਾਲਜ ਪ੍ਰਸ਼ਾਸਨ ਵੱਲੋਂ ਡਾ. ਵਰਿਆਮ ਸੰਧੂ ਅਤੇ ਡਾ. ਕੁਲਵੰਤ ਸਿੰਘ ਨੂੰ ਯਾਦ-ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

(Daily Charhdikala, Patiala (Tuesday, 12 April 2016)

# ਪ੍ਰਸਿੱਧ ਕਹਾਣੀਕਾਰ ਵਰਿਆਮ ਸੰਧੂ ਵੱਲੋਂ ਵਿਸ਼ੇਸ਼ ਭਾਸ਼ਣ



ਪਟਿਆਲਾ, 11 ਅਪ੍ਰੈਲ (ਪ੍ਰਵਾਸੀ/ਆਤਮਜੀਤ) : ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਵੱਲੋਂ 'ਸਮਾਜਿਕ ਅਨੁਭਵ ਅਤੇ ਸਿਰਜਣ ਪ੍ਰਕਿਰਿਆ' ਵਿਸ਼ੇ 'ਤੇ ਆਯੋਜਿਤ ਵਿਸ਼ੇਸ਼ ਭਾਸ਼ਣ ਦੌਰਾਨ ਬੋਲਦਿਆਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਲੇਖਕ ਤਾਂ ਸੰਵੇਦਨਸ਼ੀਲ ਹੁੰਦੇ ਹੀ ਹਨ, ਉਹ ਲੋਕਾਂ ਦੇ ਦੁੱਖ-ਦਰਦ ਨੂੰ ਮਹਿਸੂਸ ਕਰਕੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦੇ ਹਨ, ਪਰੰਤੂ ਹਰ ਮਨੁੱਖ ਨੂੰ ਵੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਹੀ ਸਮਾਜ ਵਿਚ ਮਾਨਵੀ ਕਦਰਾਂ ਕੀਮਤਾਂ ਬਰਕਰਾਰ ਰਹਿ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਲੇਖਕ ਇਤਿਹਾਸਕ ਘਟਨਾਵਾਂ ਤੋਂ ਪ੍ਰੇਰਨਾ ਲੈ ਕੇ ਪਾਠਕਾਂ ਨੂੰ ਸਮਕਾਲੀ ਸਮਾਜ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਦਾ ਯਤਨ ਕਰਦੇ ਹਨ। ਪਰੰਤੂ ਅਜਿਹਾ ਕਰਦੇ ਸਮੇਂ ਧਿਆਨ ਰੱਖਿਆ ਜਾਂਦਾ ਹੈ ਕਿ ਸਾਹਿਤ ਸਿੱਧੇ ਰੂਪ ਵਿਚ ਪ੍ਰਚਾਰ ਦਾ ਸਾਧਨ ਨਾ ਬਣੇ ਸਗੋਂ ਲੇਖਕ ਦਾ ਸੁਨੇਹਾ ਸਾਹਿਤਕ ਰਚਨਾ ਵਿਚਲੀਆਂ ਘਟਨਾਵਾਂ ਅਤੇ ਪਾਤਰਾਂ ਦੇ ਵਿਵਹਾਰ ਵਿਚੋਂ ਸਹਿਜ ਰੂਪ ਵਿਚ ਪਾਠਕਾਂ ਤੱਕ ਪਹੁੰਚੇ। ਵਿਦਵਾਨ ਲੇਖਕ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਅੱਜ ਦਾ ਨੌਜਵਾਨ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਮੁਕਾਬਲਾ ਕਰਨ ਦੀ ਥਾਂ ਜਾਂ ਤਾਂ ਨਸ਼ਿਆਂ ਦਾ ਸਹਾਰਾ ਲੈ ਕੇ ਪਲਾਇਨ ਕਰ ਰਿਹਾ ਹੈ ਜਾਂ ਖੁਦਕਸ਼ੀਆਂ ਦੇ ਰਾਹ ਪੈ ਕੇ ਆਪਣਾ ਬਹੁਮੁੱਲਾ ਜੀਵਨ ਖ਼ਤਮ ਕਰ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਡਮੁੱਲੇ ਜੀਵਨ ਨੂੰ ਬਰਬਾਦ ਕਰਨ ਦੀ ਥਾਂ ਹਰ ਕਠਿਨਾਈ ਦਾ ਡੱਟ ਕੇ ਮੁਕਾਬਲਾ ਕਰਨ, ਹਾਰਾਂ ਤੋਂ ਕਦੇ ਨਾ ਘਬਰਾਉਣ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮਹਿਮਾਨ ਵਕਤਾ ਦਾ ਸਵਾਗਤ ਕਰਦਿਆਂ ਕਿਹਾ ਕਿ ਵਰਿਆਮ ਸੰਧੂ ਵਰਗੇ ਲੇਖਕਾਂ ਦੀਆਂ ਉਚਪਾਏ ਦੀਆਂ ਸਾਹਿਤਕ ਕਿਰਤਾਂ ਜੀਵਨ ਭਰ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਜਲੰਧਰ ਤੋਂ ਆਏ ਪੰਜਾਬੀ ਆਲੋਚਕ ਡਾ. ਕੁਲਵੰਤ ਸਿੰਘ ਨੇ ਵਰਿਆਮ ਸੰਧੂ ਦੇ ਜੀਵਨ ਅਤੇ ਉਸ ਦੀਆਂ ਰਚਨਾਵਾਂ ਦੇ ਮਹੱਤਵਪੂਰਨ ਪਹਿਲੂਆਂ 'ਤੇ ਰੌਸ਼ਨੀ ਪਾਈ। ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਚਰਨ ਸਿੰਘ ਨੇ ਕਿਹਾ ਕਿ ਪੰਜਾਬੀ ਵਿਭਾਗ ਵੱਲੋਂ ਚਲਾਈ ਗਈ ਵਿਸ਼ੇਸ਼ ਭਾਸ਼ਣ ਲੜੀ ਅਧੀਨ ਨਾਮਵਰ ਲੇਖਕਾਂ ਅਤੇ ਵਿਦਵਾਨਾਂ ਨੂੰ ਵਿਦਿਆਰਥੀਆਂ ਦੇ ਰੂ-ਬ-ਰੂ ਕਰਵਾਏ ਜਾਣ ਦਾ ਮੰਤਵ ਉਨ੍ਹਾਂ ਦੇ ਵਿਅਕਤੀਤਵ ਵਿਕਾਸ ਦੇ ਨਾਲ-ਨਾਲ ਉਨ੍ਹਾਂ ਅੰਦਰ ਸਾਹਿਤ ਨੂੰ ਪੜ੍ਹਨ, ਸਮਝਣ ਅਤੇ ਸਾਹਿਤ ਸਿਰਜਣ ਦੀ ਚੇਟਕ ਲਾਉਣਾ ਹੈ। ਕਾਲਜ ਦੇ ਅਧਿਆਪਕ ਡਾ. ਮਨਜੀਤ ਕੌਰ, ਡਾ. ਦਵਿੰਦਰ ਸਿੰਘ, ਡਾ. ਰੁਪਿੰਦਰ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਦਿਲਚਸਪ ਸਵਾਲ ਪੁੱਛੇ ਜਿਨ੍ਹਾਂ ਦੇ ਵਿਦਵਾਨ ਵਕਤਾ ਨੇ ਤਸੱਲੀਬਖ਼ਸ਼ ਜਵਾਬ ਦਿੱਤੇ। ਕਾਲਜ ਪ੍ਰਸ਼ਾਸਨ ਵੱਲੋਂ ਡਾ. ਵਰਿਆਮ ਸੰਧੂ ਅਤੇ ਡਾ. ਕੁਲਵੰਤ ਸਿੰਘ ਨੂੰ ਯਾਦ-ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਗੁਰਦੀਪ ਸਿੰਘ ਨੇ ਧੰਨਵਾਦ ਦੇ ਸ਼ਬਦ ਕਹੇ ਅਤੇ ਪ੍ਰੋ. ਬਲਵੀਰ ਸਿੰਘ ਨੇ ਕਾਵਿਕ ਅੰਦਾਜ਼ ਵਿਚ ਮੰਚ ਸੰਚਾਲਨ ਦੇ ਫਰਜ਼ ਨਿਭਾਏ।

TUESDAY, APRIL 12, 2016
www.hindustantimes.com

# campusconnect

A round-up of all that's happening in colleges, universities across the city and neighbourhood

## FIFTH SPECIAL LECTURE DELIVERED

**PATIALA:** Punjabi language development department of Punjabi University, Patiala organised the fifth special lecture under Dr Haribhajan Singh memorial lecture series inside the Senate Hall of the university. Professor Manjit Singh from Delhi University delivered the lecture on the occasion. Manjit Singh said that Haribhajan Singh was the legend in the field of Punjabi literature and his writings disseminate a positive message in the society. He added that Singh has done lot for the upliftment of Punjab and culture of Punjab. Vice-chancellor Jaspal Singh said that it was the need of the time to read the writings of Harbhajan Singh and these would show a better way to live life.




■ Vice-chancellor Jaspal Singh addressing a lecture at Punjabi University in Patiala on Monday. HT PHOTO

## Expert talk organised at Modi College

**PATIALA:** An expert-talk on the theme of 'Social Experience and Creative Writing' by eminent Punjabi story-writer Dr Waryam Singh Sandhu was organised by the Punjabi department of MM Modi College here. Addressing the students and the faculty, he said that every sensitive human being felt the pain and agony of the common man that he suffered during the struggle for survival. "But the writer or the poet feels it more intensely and portrays it in his writings," he said. By quoting examples from his much-discussed story 'Chauthi Koot', written about the days of terrorism in Punjab, he emphasised the need to maintain harmony in the multi-cultural social fabric of India. He said that life was a valuable gift and no one should spoil it by ending one's life. He appealed to the young boys and girls to face the challenges at every step and strive hard to achieve higher goals.

ਪੰਜਾਬੀ ਟ੍ਰਿਬਿਊਨ, ਬੁੱਧਵਾਰ, 13 ਅਪਰੈਲ 2016

# ਮਾਨਵੀ ਕਦਰਾਂ-ਕੀਮਤਾਂ ਬਰਕਰਾਰ ਰੱਖਣ ਦੀ ਲੋੜ 'ਤੇ ਜ਼ੋਰ

## ਮੋਦੀ ਕਾਲਜ ਵਿੱਚ ਕਹਾਣੀਕਾਰ ਵਰਿਆਮ ਸੰਧੂ ਦਾ ਭਾਸ਼ਣ; ਕਾਲਜ ਪ੍ਰਸ਼ਾਸਨ ਵਲੋਂ ਸੰਧੂ ਦਾ ਸਨਮਾਨ

ਨਿੱਜੀ ਪੱਤਰ ਪ੍ਰੇਰਕ
ਪਟਿਆਲਾ, 12 ਅਪਰੈਲ

ਇੱਥੇ ਮੋਦੀ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ 'ਸਮਾਜਿਕ ਅਨੁਭਵ ਅਤੇ ਸਿਰਜਣ ਪ੍ਰਕਿਰਿਆ' ਵਿਸ਼ੇ 'ਤੇ ਭਾਸ਼ਣ ਦੌਰਾਨ ਬੋਲਦਿਆਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਲੇਖਕ ਤਾਂ ਸੰਵੇਦਨਸ਼ੀਲ ਹੁੰਦੇ ਹੀ ਹਨ, ਉਹ ਲੋਕਾਂ ਦੇ ਦੁੱਖ-ਦਰਦ ਨੂੰ ਮਹਿਸੂਸ ਕਰਕੇ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕਰਦੇ ਹਨ ਪਰ ਹਰ ਮਨੁੱਖ ਨੂੰ ਸੰਵੇਦਨਸ਼ੀਲ ਹੋਣ ਦੀ ਲੋੜ ਹੈ ਤਾਂ ਜੋ ਸਮਾਜ ਵਿੱਚ ਮਾਨਵੀ ਕਦਰਾਂ-ਕੀਮਤਾਂ ਬਰਕਰਾਰ ਰਹਿ ਸਕਣ।

ਉਨ੍ਹਾਂ ਕਿਹਾ ਕਿ ਲੇਖਕ ਇਤਿਹਾਸਕ ਘਟਨਾਵਾਂ ਤੋਂ ਪ੍ਰੇਰਨਾ ਲੈ ਕੇ ਪਾਠਕਾਂ ਨੂੰ ਸਮਕਾਲੀ ਸਮਾਜ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਦਾ ਯਤਨ ਕਰਦੇ ਹਨ ਪਰ ਅਜਿਹਾ ਕਰਦੇ ਸਮੇਂ ਧਿਆਨ ਰੱਖਿਆ ਜਾਂਦਾ ਹੈ ਕਿ ਸਾਹਿਤ ਸਿੱਧੇ ਰੂਪ ਵਿੱਚ ਪ੍ਰਚਾਰ ਦਾ ਸਾਧਨ ਨਾ ਬਣੇ, ਸਗੋਂ ਲੇਖਕ ਦਾ ਸੁਨੇਹਾ ਸਾਹਿਤਕ ਰਚਨਾਂ ਵਿਚਲੀਆਂ ਘਟਨਾਵਾਂ ਅਤੇ ਪਾਤਰਾਂ ਦੇ ਵਿਵਹਾਰ ਵਿੱਚੋਂ ਸਹਿਜ ਰੂਪ ਵਿੱਚ ਪਾਠਕਾਂ ਤੱਕ ਪੁੱਜੇ। ਉਨ੍ਹਾਂ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਅੱਜ ਦਾ ਨੌਜਵਾਨ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਮੁਕਾਬਲਾ ਕਰਨ ਦੀ ਥਾਂ ਜਾਂ ਤਾਂ ਨਸ਼ਿਆਂ ਦਾ ਸਹਾਰਾ ਲੈ ਕੇ ਪਲਾਇਨ ਕਰ ਰਿਹਾ ਹੈ ਜਾਂ ਖ਼ੁਦਕਸ਼ੀਆਂ ਦੇ ਰਾਹ ਪੈ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਹਰ ਮੁਸ਼ਕਲ ਦਾ ਡਟ ਕੇ ਮੁਕਾਬਲਾ ਕਰਨ ਅਤੇ ਹਾਰ ਤੋਂ ਕਦੇ ਨਾ ਘਬਰਾਉਣ। ਹਾਰਾਂ ਤੋਂ ਘਬਰਾਉਣ ਦੀ ਥਾਂ ਲਗਾਤਾਰ ਸੰਘਰਸ਼ ਕਰਨ ਤਾਂ ਹੀ ਮੰਜ਼ਲ ਪ੍ਰਾਪਤ ਹੋਵੇਗੀ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨੀ ਅਤੇ ਗ਼ਦਰ ਲਹਿਰ ਬਾਰੇ ਦੋ ਕਿਤਾਬਾਂ ਹੁਣੇ ਹੀ ਪ੍ਰਕਾਸ਼ਿਤ ਕਰਵਾਈਆਂ ਹਨ। ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਵਰਿਆਮ ਸੰਧੂ ਵਰਗੇ ਲੇਖਕਾਂ ਦੀਆਂ ਸਾਹਿਤਕ ਕਿਰਤਾਂ ਜੀਵਨ ਭਰ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ।



ਮੋਦੀ ਕਾਲਜ ਵਿੱਚ ਭਾਸ਼ਣ ਦਿੰਦੇ ਹੋਏ ਵਰਿਆਮ ਸੰਧੂ। -ਫੋਟੋ: ਡਿੰਗਰ

ਪੰਜਾਬੀ ਆਲੋਚਕ ਡਾ. ਕੁਲਵੰਤ ਸਿੰਘ ਨੇ ਵਰਿਆਮ ਸੰਧੂ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਮਹੱਤਵਪੂਰਨ ਪਹਿਲੂਆਂ 'ਤੇ ਰੌਸ਼ਨੀ ਪਾਈ। ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਚਰਨ ਸਿੰਘ ਨੇ ਕਿਹਾ ਕਿ ਪੰਜਾਬੀ ਵਿਭਾਗ ਵੱਲੋਂ ਚਲਾਈ ਵਿਸ਼ੇਸ਼ ਭਾਸ਼ਣ ਦੀ ਲੜੀ ਤਹਿਤ ਨਾਮਵਰ ਲੇਖਕਾਂ ਅਤੇ ਵਿਦਵਾਨਾਂ ਨੂੰ ਵਿਦਿਆਰਥੀਆਂ ਦੇ ਰੂ-ਬ-ਰੂ ਕਰਵਾਏ ਜਾਣ ਦਾ ਉਦੇਸ਼ ਸਾਹਿਤ ਨੂੰ ਪੜ੍ਹਨ, ਸਮਝਣ ਤੇ ਸਿਰਜਣ ਦੀ ਚੇਟਕ ਲਾਉਣਾ ਹੈ।

ਕਾਲਜ ਪ੍ਰਸ਼ਾਸਨ ਵੱਲੋਂ ਡਾ. ਵਰਿਆਮ ਸੰਧੂ ਅਤੇ ਡਾ. ਕੁਲਵੰਤ ਸਿੰਘ ਨੂੰ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਗੁਰਦੀਪ ਸਿੰਘ ਨੇ ਧੰਨਵਾਦ ਦੇ ਸ਼ਬਦ ਕਹੇ। ਇਸ ਮੌਕੇ ਪ੍ਰੋ. ਬਲਵੀਰ ਸਿੰਘ ਨੇ ਵੀ ਸੰਬੋਧਨ ਕੀਤਾ।

अमर उजाला | युवा | पंजाब

# लेखकों की तरह संवेदनशील हो हर इंसान : वरियाम संधू

## कहा, जीवन की तल्ख हकीकतों से बचने के लिए आत्महत्याएं न करें नौजवान

अमर उजाला ब्यूरो



पटियाला के मोदी कॉलेज में सोमवार को आयोजित विशेष लेक्चर के मौके नामवर कहानीकार वरियाम सिंह संधू को सम्मानित करते प्रिंसिपल डॉ. खुशविंदर कुमार। अमर उजाल

**पटियाला।** पंजाबी के नामवर कहानीकार वरियाम सिंह संधू ने कहा कि लेखक संवेदनशील होते हैं, जो लोगों के दुख-दर्द को महसूस करके अपनी रचनाएं पेश करते हैं। लेकिन लेखकों की तरह हर इंसान को संवेदनशील होना चाहिए, तभी समाज में मानवीय मूल्य बरकरार रह सकते हैं। वे सोमवार को स्थानीय मुल्तानी मल मोदी कालेज में पंजाबी विभाग की ओर से सामाजिक अनुभव और सृजन प्रक्रिया विषय पर भाषण दे रहे थे।

उन्होंने कहा कि लेखक ऐतिहासिक घटनाओं से प्रेरणा लेकर पाठकों को समकाली समाज की चुनौतियों का सामना करने के लिए तैयार करने का प्रयास करते हैं। हालांकि ऐसा करते समय ध्यान रखना चाहिए कि साहित्य सीधे रूप में प्रचार का साधन न बने, बल्कि लेखक का संदेश साहित्यिक रचना में घटनाओं व पात्रों के व्यवहार से सहज रूप में पाठकों तक पहुंचे।

संधू ने इस बात पर चिंता जताई कि आज का नौजवान जिंदगी की तल्ख हकीकतों का मुकाबला करने के बजाय या तो नशों का सहारा लेकर पलायन कर रहा है या खुदकुशियों का रास्ता अपनाकर अपने बहूमूल्य जीवन को खत्म कर रहा है। उन्होंने स्टूडेंट्स को अपील की कि वे अपने बहूमूल्य जीवन को बर्बाद करने के बजाय हर कठिनाई का डट कर मुकाबला करें और हार से कभी न घबराएं। तभी वे मंजिल तक पहुंच सकेंगे।

उन्होंने कहा कि नौजवान देश की आजादी की लहर के इतिहास व अपने सभ्याचारक विरसे के बारे में जानें और समझने का प्रयास जरूर करें। तभी प्राप्त की आजादी को सही प्रसंग में समझ व बरकरार रखा जा सकता है। इसके बाद कालेज प्रिंसिपल डा. खुशविंदर कुमार ने डा. वरियाम संधू को सम्मानित किया।